# ਚਾਈਲਡ ਸਪੋਰਟ ਕਲੈਕਸ਼ਨ ਲਈ ਤੁਹਾਡੇ ਵਿਕਲਪ ਜਦੋਂ ਤੁਸੀਂ Temporary Assistance for Needy Families (ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ, TANF) ਪ੍ਰਾਪਤ ਕਰ ਰਹੇ ਹੋ

Washington State Department of Social & Health Services
Transforming lives

ਜਦੋਂ ਤੁਸੀਂ ਆਪਣੀ ਦੇਖਭਾਲ ਵਿੱਚ ਬੱਚਿਆਂ ਲਈ TANF ਪ੍ਰਾਪਤ ਕਰਦੇ ਹੋ, ਤਾਂ ਤੁਹਾਨੂੰ Department of Social and Health Service (ਸਮਾਜਕ ਅਤੇ ਸਿਹਤ ਸੇਵਾ ਵਿਭਾਗ, DSHS), Division of Child Support (ਡਿਵੀਜ਼ਨ ਆਫ਼ ਚਾਈਲਡ ਸਪੋਰਟ, DCS) ਦੀ, ਜਦੋਂ ਤੱਕ ਇਹ ਤੁਹਾਡੇ ਜਾਂ ਬੱਚਿਆਂ ਲਈ ਸੁਰੱਖਿਅਤ ਨਾ ਹੋਵੇ, ਚਾਈਲਡ ਸਪੋਰਟ ਇਕੱਠੀ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ। Community Services Division (ਕਮਿਊਨਿਟੀ ਸਰਵਿਸਿਜ਼ ਡਿਵੀਜ਼ਨ, CSD) TANF ਲਈ ਯੋਗਤਾ ਨਿਰਧਾਰਤ ਕਰਦਾ ਹੈ ਅਤੇ ਜਦੋਂ ਤੁਸੀਂ ਜਾਂ ਬੱਚੇ(ਬੱਚਿਆਂ) TANF ਪ੍ਰਾਪਤ ਕਰਦਾ(ਕਰਦੇ) ਹੈ(ਹਨ)ਤਾਂ ਪੂਰੀ ਸਹਾਇਤਾ ਲਾਗੂ ਕਰਨ ਵਾਲੀਆਂ ਸੇਵਾਵਾਂ ਪ੍ਰਦਾਨ ਕਰਨ ਲਈ DCS ਦਾ ਹਵਾਲਾ ਦਿੰਦਾ ਹੈ। ਇਹਨਾਂ ਸੇਵਾਵਾਂ ਵਿੱਚ ਸਿਹਤ ਬੀਮਾ ਪ੍ਰਦਾਨ ਕਰਨ ਲਈ ਕਿਸੇ ਹੋਰ ਮਾਤਾ-ਪਿਤਾ ਦੀ ਜ਼ਿੰਮੇਵਾਰੀ ਨੂੰ ਲਾਗੂ ਕਰਦੇ ਹੋਏ DCS ਅਤੇ ਬੱਚੇ(ਬੱਚਿਆਂ) ਲਈ ਬੀਮਾ ਰਹਿਤ ਡਾਕਟਰੀ ਖਰਚਿਆਂ ਵਿੱਚ ਉਨ੍ਹਾਂ ਦੇ ਹਿੱਸੇ ਦਾ ਯੋਗਦਾਨ ਪਾਉਣਾ ਸ਼ਾਮਲ ਹੋ ਸਕਦਾ ਹੈ।

**ਮੈਨੂੰ DCS ਦੀ ਚਾਈਲਡ ਸਪੋਰਟ ਇਕੱਠੀ ਕਰਨ ਵਿੱਚ ਮਦਦ ਕਰਨ ਲਈ ਕੀ ਕਰਨਾ ਚਾਹੀਦਾ ਹੈ?**

- ਬੱਚੇ(ਬੱਚਿਆਂ) ਦੇ ਮਾਤਾ-ਪਿਤਾ ਦਾ ਨਾਮ।
- ਮਾਤਾ-ਪਿਤਾ ਨੂੰ ਲੱਭਣ ਵਿੱਚ ਮਦਦ ਕਰਨ ਲਈ ਸਾਨੂੰ ਜਾਣਕਾਰੀ ਦਿਓ।
- ਇਹ ਸਾਬਤ ਕਰਨ ਵਿੱਚ ਮਦਦ ਕਰੋ ਕਿ ਬੱਚੇ(ਬੱਚਿਆਂ) ਦੇ ਮਾਤਾ-ਪਿਤਾ ਕੌਣ ਹੈ/ਹਨ।

**ਪਿੱਤਰਤਾ ਸਥਾਪਿਤ ਕਰਨਾ ਅਤੇ ਚਾਈਲਡ ਸਪੋਰਟ ਇਕੱਠੀ ਕਰਨਾ ਲਾਭਦਾਇਕ ਕਿਉਂ ਹੈ?**

- ਕਿਉਂਕਿ ਵਿੱਤੀ ਸਥਿਰਤਾ ਪ੍ਰਾਪਤ ਕਰਨ ਵਿੱਚ ਚਾਈਲਡ ਸਪੋਰਟ ਤੁਹਾਨੂੰ ਮਦਦ ਕਰ ਸਕਦੀ ਹੈ।
- ਕਿਉਂਕਿ ਇਹ ਬੱਚੇ(ਬੱਚਿਆਂ) ਨੂੰ, ਉਨ੍ਹਾਂ ਦੇ ਮਾਤਾ-ਪਿਤਾ ਕੌਣ ਹਨ ਇਹ ਜਾਣ ਕੇ ਇੱਕ ਪਰਿਵਾਰਕ ਮੈਡੀਕਲ ਇਤਿਹਾਸ ਦਿੰਦਾ ਹੈ।
- ਕਿਉਂਕਿ ਇਹ ਬੱਚੇ ਨੂੰ ਵਿਰਾਸਤ, ਸਮਾਜਿਕ ਸੁਰੱਖਿਆ, ਕੁਸ਼ਲਤਾ ਦੇ ਲਾਭ ਅਤੇ ਹੋਰ ਸਰਕਾਰੀ ਅਧਿਕਾਰਾਂ ਦਾ ਕਾਨੂੰਨੀ ਹੱਕ ਦਿੰਦਾ ਹੈ।

**ਜੇਕਰ ਮੈਂ DCS ਨਾਲ ਸਹਿਯੋਗ ਨਹੀਂ ਕਰਦਾ/ਕਰਦੀ ਹਾਂ ਤਾਂ ਕੀ ਹੁੰਦਾ ਹੈ?**
ਜੇਕਰ ਤੁਸੀਂ ਆਪਣੇ ਲਈ ਲਾਭ ਪ੍ਰਾਪਤ ਕਰ ਰਹੇ ਹੋ ਅਤੇ DCS ਦੀ ਚਾਈਲਡ ਸਪੋਰਟ ਇਕੱਠੀ ਕਰਨ ਵਿੱਚ ਮਦਦ ਨਹੀਂ ਕਰਦੇ, ਤਾਂ ਤੁਹਾਡੇ ਨਕਦ ਗ੍ਰਾਂਟ ਦੇ ਹਿੱਸੇ ਨੂੰ 25% ਤੱਕ ਘੱਟ ਕੀਤਾ ਜਾ ਸਕਦਾ ਹੈ। ਤੁਹਾਡੇ ਸਹਿਯੋਗ ਤੋਂ ਬਿਨਾਂ DCS ਚਾਈਲਡ ਸਪੋਰਟ ਕਲੈਕਸ਼ਨ ਨੂੰ ਅੱਗੇ ਵਧਾਏਗਾ।

**DCS ਨਾਲ ਸਹਿਯੋਗ *ਨਾ* ਕਰਨਾ ਕਦੋਂ ਠੀਕ ਹੈ?**
ਜੇ ਤੁਹਾਡਾ CSD ਕਰਮਚਾਰੀ ਨਿਰਧਾਰਤ ਕਰਦਾ ਹੈ ਕਿ ਮਦਦ ਨਾ ਕਰਨ ਦਾ ਤੁਹਾਡੇ ਕੋਲ good cause (ਚੰਗਾ ਕਾਰਨ) ਹੈ ਤਾਂ ਤੁਹਾਨੂੰ ਆਪਣੀ ਚਾਈਲਡ ਸਪੋਰਟ ਇਕੱਠੀ ਕਰਨ ਵਿੱਚ ਮਦਦ ਕਰਨ ਦੀ ਲੋੜ ਨਹੀਂ ਹੈ। Good Cause (ਚੰਗੇ ਕਾਰਨ) ਦੇ ਕਾਰਨ ਇਹ ਹਨ:

- ਤੁਹਾਨੂੰ ਡਰ ਹੈ ਕਿ ਤੁਹਾਡੀ ਦੇਖਭਾਲ ਵਿੱਚ ਤੁਹਾਨੂੰ ਜਾਂ ਬੱਚੇ(ਬੱਚਿਆਂ) ਨੂੰ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਨੁਕਸਾਨ ਪਹੁੰਚਾਇਆ ਜਾਵੇਗਾ।
- ਤੁਹਾਡਾ ਬੱਚਾ ਬਲਾਤਕਾਰ ਜਾਂ ਅਨੈਤਿਕਤਾ ਦੇ ਕਾਰਨ ਪੈਦਾ ਹੋਇਆ ਸੀ।
- ਤੁਸੀਂ ਗੋਦ ਲੈਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜਾਂ ਤੁਸੀਂ ਗੋਦ ਲੈਣ ਬਾਰੇ ਕਿਸੇ ਚਾਈਲਡ ਪਲੇਸਮੈਂਟ ਏਜੰਸੀ ਨਾਲ ਕਾਉਂਸਲਿੰਗ (ਤਿੰਨ ਮਹੀਨਿਆਂ ਤੱਕ) ਕਰ ਰਹੇ ਹੋ।

**ਮੈਨੂੰ ਇਹ ਦਿਖਾਉਣ ਲਈ ਆਪਣੇ CSD ਕਰਮਚਾਰੀ ਨੂੰ ਕੀ ਦੇਣਾ ਚਾਹੀਦਾ ਹੈ ਕਿ ਮੇਰੇ ਕੋਲ ਮਦਦ ਨਾ ਕਰਨ ਦਾ Good Cause (ਚੰਗਾ ਕਾਰਨ) ਹੈ?**

- ਤੁਹਾਡਾ ਦਸਤਖ਼ਤ ਕੀਤਾ ਬਿਆਨ ਤੁਹਾਡੇ ਡਰ ਅਤੇ ਚਿੰਤਾਵਾਂ (ਇਸ ਫਾਰਮ ਸਮੇਤ) ਨੂੰ ਰੂਪਰੇਖਿਤ ਕਰਦਾ ਹੈ, ਜਾਂ
- ਪਰਿਵਾਰ ਜਾਂ ਦੋਸਤਾਂ ਵੱਲੋਂ ਤੁਹਾਡੇ ਸੁਰੱਖਿਆ ਦਾਅਵੇ ਬਾਰੇ ਮੈਡੀਕਲ, ਪੁਲਿਸ, ਬਿਆਨ ਸਮੇਤ ਕੋਈ ਵੀ ਰਿਕਾਰਡ, ਜੇਕਰ ਉਪਲਬਧ ਹੋਣ।
- ਤੁਹਾਡੇ ਕੋਲ ਇਹ ਪੁਸ਼ਟੀਕਰਨ ਪ੍ਰਦਾਨ ਕਰਨ ਲਈ 20 ਦਿਨ ਹਨ ਪਰ ਜ਼ਰੂਰਤ ਹੋਣ 'ਤੇ ਤੁਸੀਂ ਹੋਰ ਸਮਾਂ ਮੰਗ ਸਕਦੇ ਹੋ।

**ਕੀ ਮੈਂ ਅਜੇ ਵੀ ਚਾਈਲਡ ਸਪੋਰਟ ਇਕੱਠੀ ਕਰ ਸਕਦਾ/ਸਕਦੀ ਹਾਂ ਅਤੇ DCS ਨਾਲ ਸਹਿਯੋਗ ਨਹੀਂ ਕਰ ਸਕਦਾ/ਸਕਦੀ ਹਾਂ?**
ਹਾਂ, ਕਿਉਂਕਿ ਇੱਥੇ ਦੋ ਵੱਖ-ਵੱਖ ਪੱਧਰ ਹਨ ਜੋ ਤੁਸੀਂ ਚੁਣ ਸਕਦੇ ਹੋ; ਪੱਧਰ A ਜਾਂ ਪੱਧਰ B।

- ਪੱਧਰ A: ਤੁਹਾਨੂੰ DCS ਨਾਲ ਸਹਿਯੋਗ ਕਰਨ ਲਈ ਨਹੀਂ ਕਿਹਾ ਜਾਵੇਗਾ। ਚਾਈਲਡ ਸਪੋਰਟ ਇਕੱਠੀ ਨਹੀਂ ਕੀਤੀ ਜਾਵੇਗੀ।
- ਪੱਧਰ B: ਤੁਹਾਨੂੰ DCS ਨਾਲ ਸਹਿਯੋਗ ਕਰਨ ਲਈ ਨਹੀਂ ਕਿਹਾ ਜਾਵੇਗਾ ਪਰ ਚਾਈਲਡ ਸਪੋਰਟ ਇਕੱਠੀ ਕੀਤੀ ਜਾਵੇਗੀ ਅਤੇ ਤੁਹਾਡਾ ਪਤਾ ਸੁਰੱਖਿਅਤ ਰਹੇਗਾ।

**ਜੇਕਰ DCS ਲਈ ਚਾਈਲਡ ਸਪੋਰਟ ਇਕੱਠੀ ਕਰਨਾ ਹੁਣ ਸੁਰੱਖਿਅਤ ਨਹੀਂ ਹੈ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**

- ਤੁਰੰਤ CSD ਅਤੇ ਆਪਣੇ DCS ਚਾਈਲਡ ਸਪੋਰਟ ਅਫਸਰ ਨਾਲ ਸੰਪਰਕ ਕਰੋ। ਉਨ੍ਹਾਂ ਦੋਵਾਂ ਨੂੰ ਆਪਣੀ ਨਵੀਂ ਸਥਿਤੀ ਬਾਰੇ ਦੱਸੋ।
- ਇਸ ਫਾਰਮ ਨੂੰ ਭਰ ਕੇ Good Cause (ਚੰਗੇ ਕਾਰਨ) ਦੀ ਬੇਨਤੀ ਕਰੋ।
- ਜੇਕਰ ਤੁਹਾਡੇ ਕੋਲ Good Cause (ਚੰਗਾ ਕਾਰਨ) ਪੱਧਰ B ਮੌਜੂਦਾ ਰੂਪ ਵਿੱਚ ਹੈ, ਤਾਂ ਪੱਧਰ A 'ਤੇ ਜਾਣ ਬਾਰੇ ਵਿਚਾਰ ਕਰੋ।
- ਔਨਸਾਈਟ ਜਾਂ ਕਮਿਊਨਿਟੀ ਆਧਾਰਿਤ ਪਰਿਵਾਰਕ ਹਿੰਸਾ ਐਡਵੋਕੇਟ ਨੂੰ ਇੱਕ ਰੈਫ਼ਰਲ ਲਈ ਪੁੱਛੋ।

**ਜੇਕਰ ਮੈਂ CSD Good Cause (ਚੰਗੇ ਕਾਰਨ) ਦੇ ਫੈਸਲੇ ਨਾਲ ਅਸਹਿਮਤ ਹੁੰਦਾ/ਹੁੰਦੀ ਹਾਂ ਤਾਂ ਕੀ ਹੁੰਦਾ ਹੈ?**
ਤੁਹਾਨੂੰ Good Cause (ਚੰਗੇ ਕਾਰਨ) ਦੇ ਫੈਸਲੇ ਬਾਰੇ ਪ੍ਰਸ਼ਾਸਨਿਕ ਸੁਣਵਾਈ ਦੀ ਮੰਗ ਕਰਨ ਦਾ ਅਧਿਕਾਰ ਹੈ। ਇੱਕ ਪ੍ਰਸ਼ਾਸਨਿਕ ਸੁਣਵਾਈ Good Cause (ਚੰਗੇ ਕਾਰਨ) ਦੇ ਫੈਸਲੇ ਦੀ ਸਮੀਖਿਆ ਹੈ। ਹੋਰ ਪ੍ਰਸ਼ਾਸਨਿਕ ਸੁਣਵਾਈ ਦੀ ਜਾਣਕਾਰੀ ਲਈ ਆਖਰੀ ਪੰਨੇ 'ਤੇ "ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ" ਦੇਖੋ।

ਜੇਕਰ ਚਾਈਲਡ ਸਪੋਰਟ ਇੱਕਠੀ ਕਰਨ ਵਿੱਚ ਮਦਦ ਕਰਨ ਦੇ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਇਸ ਫਾਰਮ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਪੁੱਛੋ। ਹੇਠਾਂ ਦਿੱਤੇ ਬਿਆਨਾਂ ਵਿੱਚੋਂ ਸਿਰਫ਼ ਇੱਕ 'ਤੇ ਸਹੀ ਦਾ ਨਿਸ਼ਾਨ ਲਗਾਓ।

☐ ਮੇਰਾ ਮੰਨਣਾ ਹੈ ਕਿ DCS ਦੇ ਲਈ ਚਾਈਲਡ ਸਪੋਰਟ ਇਕੱਠੀ ਕਰਨਾ ਮੇਰੇ ਅਤੇ ਮੇਰੇ ਬੱਚਿਆਂ ਲਈ ਸੁਰੱਖਿਅਤ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ DCS ਦੀ ਚਾਈਲਡ ਸਪੋਰਟ ਇਕੱਠੀ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਜੇਕਰ ਮੈਂ ਨਹੀਂ ਕਰਦਾ/ਕਰਦੀ ਹਾਂ ਤਾਂ ਮੇਰੀ ਨਕਦ ਗ੍ਰਾਂਟ 25% ਘੱਟ ਜਾਵੇਗੀ।

☐ ਮੇਰੇ ਕੋਲ ਮਦਦ ਨਾ ਕਰਨ ਦਾ ਚੰਗਾ ਕਾਰਨ ਹੈ। ਕਿਰਪਾ ਕਰਕੇ ਆਪਣੇ ਡਰ ਅਤੇ ਚਿੰਤਾਵਾਂ ਨੂੰ ਦਰਸਾਉਂਦੇ ਹੋਏ ਅਗਲੇ ਪੰਨੇ 'ਤੇ ਆਪਣੇ ਕਾਰਨ ਦਾ ਵਰਣਨ ਕਰੋ।

ਹਰ ਪਰਿਵਾਰ ਦੀ ਸਥਿਤੀ ਵੱਖਰੀ ਹੁੰਦੀ ਹੈ। ਕਿਰਪਾ ਕਰਕੇ ਹੇਠਾਂ ਦਿੱਤੇ ਸਾਰੇ ਬਕਸਿਆਂ 'ਤੇ ਸਹੀ ਦਾ ਨਿਸ਼ਾਨ ਲਗਾਓ ਜੋ ਉਸ(ਉਨ੍ਹਾਂ) ਕਾਰਨ(ਕਾਰਨਾਂ) ਦਾ ਵਰਣਨ ਕਰਦਾ ਹੈ(ਕਰਦੇ ਹਨ) ਕਿ ਚਾਈਲਡ ਸਪੋਰਟ ਨੂੰ ਅੱਗੇ ਵਧਾਉਣਾ ਸੁਰੱਖਿਅਤ ਨਹੀਂ ਹੋ ਸਕਦਾ ਹੈ।

- ☐ ਬੱਚਾ(ਬੱਚੇ) ਕਾਨੂੰਨੀ ਗੋਦ ਲੈਣ ਦੀ ਕਾਰਵਾਈ ਦੇ ਅਧੀਨ ਹਨ।
- ☐ ਬੱਚਾ(ਬੱਚੇ) ਅਨੈਤਿਕਤਾ ਜਾਂ ਬਲਾਤਕਾਰ ਦੇ ਨਤੀਜੇ ਵਜੋਂ ਪੈਦਾ ਹੋਏ ਸਨ।
- ☐ ਮੇਰੇ ਕੋਲ non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਲਈ ਇੱਕ ਰੋਕ ਲਗਾਉਣ ਦਾ ਆਦੇਸ਼ ਜਾਂ ਪੁਲਿਸ ਰਿਪੋਰਟਾਂ ਦਾਇਰ ਕੀਤੀਆਂ ਗਈਆਂ ਹਨ।
- ☐ Non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਨੇ ਮੈਨੂੰ ਜਾਂ ਬੱਚੇ(ਬੱਚਿਆਂ) ਨੂੰ ਨੁਕਸਾਨ ਪਹੁੰਚਾਇਆ ਜਾਂ ਨੁਕਸਾਨ ਪਹੁੰਚਾਉਣ ਦੀ ਧਮਕੀ ਦਿੱਤੀ ਹੈ।
- ☐ Non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਦਾ ਹਿੰਸਕ ਵਿਵਹਾਰ ਦਾ ਇਤਿਹਾਸ ਹੈ।
- ☐ ਜੇਕਰ ਚਾਈਲਡ ਸਪੋਰਟ ਦਾ ਪਿੱਛਾ ਕੀਤਾ ਜਾਂਦਾ ਹੈ ਤਾਂ non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਬੱਚੇ(ਬੱਚਿਆਂ) ਦੀ ਨਿਗਰਾਨੀ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ ਅਤੇ ਬੱਚੇ(ਬੱਚਿਆਂ) ਲਈ ਸੁਰੱਖਿਅਤ ਮਾਹੌਲ ਪ੍ਰਦਾਨ ਨਹੀਂ ਕਰਨਗੇ।
- ☐ ਮੈਨੂੰ ਚਿੰਤਾ ਹੈ ਕਿ ਬੱਚੇ(ਬੱਚਿਆਂ) ਦੀ ਸਥਿਰਤਾ ਵਿੱਚ ਵਿਘਨ ਪੈ ਜਾਵੇਗਾ।
- ☐ ਜੇ ਚਾਈਲਡ ਸਪੋਰਟ ਦਾ ਪਿੱਛਾ ਕੀਤਾ ਜਾਂਦਾ ਹੈ, ਤਾਂ non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਸੰਭਾਵਤ ਤੌਰ 'ਤੇ ਦੁਸ਼ਮਣ ਬਣ ਜਾਣਗੇ ਅਤੇ ਬੱਚੇ(ਬੱਚਿਆਂ) ਲਈ ਭਾਵਨਾਤਮਕ ਸਦਮੇ ਦਾ ਕਾਰਨ ਬਣ ਸਕਦੇ ਹਨ।
- ☐ non-custodial parent (ਗੈਰ-ਨਿਗਰਾਨ ਮਾਤਾ-ਪਿਤਾ) ਨੂੰ mental health (ਮਾਨਸਿਕ ਸਿਹਤ) ਜਾਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੇ ਮੈਨੂੰ ਜਾਂ ਬੱਚੇ(ਬੱਚਿਆਂ) ਨੂੰ ਨੁਕਸਾਨ ਪਹੁੰਚਾਇਆ ਹੈ।
- ☐ ਹੋਰ, ਕਿਰਪਾ ਕਰਕੇ ਹੇਠਾਂ ਆਪਣੇ ਡਰ ਅਤੇ ਚਿੰਤਾਵਾਂ ਦਾ ਵਰਣਨ ਕਰੋ:

**ਮੈਂ ਉਪਰੋਕਤ ਬਿਆਨ ਨੂੰ ਸੱਚ ਘੋਸ਼ਿਤ ਕਰਦਾ/ਕਰਦੀ ਹਾਂ।**

| | |
|---|---|
| ਕਲਾਇੰਟ ਦਾ ਨਾਮ (ਪ੍ਰਿੰਟ ਕੀਤਾ) | ਕਲਾਇੰਟ ਦਾ ID ਨੰਬਰ |
| ਕਲਾਇੰਟ ਦੇ ਦਸਤਖ਼ਤ | ਮਿਤੀ |

**ਮੈਂ ਇਸ ਫਾਰਮ ਦੀ ਇੱਕ ਕਾਪੀ ਕਲਾਇੰਟ ਨੂੰ ਦੇ ਦਿੱਤੀ ਹੈ।**

| | |
|---|---|
| ਕਰਮਚਾਰੀ ਦੇ ਦਸਤਖ਼ਤ | ਮਿਤੀ |
| NON-CUSTODIAL PARENT (ਗੈਰ-ਨਿਗਰਾਨ ਮਾਤਾ-ਪਿਤਾ) ਦਾ ਨਾਮ | ਕਲਾਇੰਟ ਦਾ ID ਨੰਬਰ |
| ਬੱਚੇ ਦਾ ਨਾਂ | ਕਲਾਇੰਟ ਦਾ ID ਨੰਬਰ |
| ਬੱਚੇ ਦਾ ਨਾਂ | ਕਲਾਇੰਟ ਦਾ ID ਨੰਬਰ |
| ਬੱਚੇ ਦਾ ਨਾਂ | ਕਲਾਇੰਟ ਦਾ ID ਨੰਬਰ |

## ਪ੍ਰਸ਼ਾਸਨਿਕ ਸੁਣਵਾਈ ਦੀ ਪ੍ਰਕਿਰਿਆ

1. ਆਪਣੇ ਕੇਸ ਦੀ ਸਮੀਖਿਆ ਲਈ, 1-877-501-2233 'ਤੇ CSD ਨੂੰ ਕਾਲ ਕਰੋ।
2. ਪ੍ਰਸ਼ਾਸਨਿਕ ਸੁਣਵਾਈ ਲਈ ਬੇਨਤੀ ਕਰਨ ਲਈ 90 ਦਿਨਾਂ ਦੇ ਅੰਦਰ CSD ਨਾਲ ਸੰਪਰਕ ਕਰੋ ਜਾਂ Office of Administrative Hearings (ਪ੍ਰਸ਼ਾਸਨਿਕ ਸੁਣਵਾਈ ਦਾ ਦਫ਼ਤਰ), PO Box 42489, Olympia, WA 98504-2489 ਨੂੰ ਲਿਖੋ। DCS ਸੁਣਵਾਈ ਦਾ ਫੈਸਲਾ ਅੰਤਿਮ ਹੋਣ ਤੱਕ ਤੁਹਾਡੇ ਕੇਸ 'ਤੇ ਕੰਮ ਕਰਨਾ ਸ਼ੁਰੂ ਨਹੀਂ ਕਰੇਗਾ।

   ਸੁਣਵਾਈ ਸਮੇਂ ਤੁਹਾਡੇ ਦੁਆਰਾ ਚੁਣਿਆ ਗਿਆ ਕੋਈ ਵਕੀਲ ਜਾਂ ਕੋਈ ਹੋਰ ਵਿਅਕਤੀ ਤੁਹਾਡੀ ਪ੍ਰਤੀਨਿਧਤਾ ਕਰ ਸਕਦਾ ਹੈ ਜਾਂ ਤੁਸੀਂ ਆਪਣੀ ਪ੍ਰਤੀਨਿਧਤਾ ਕਰ ਸਕਦੇ ਹੋ।

### ਕੀ ਮੈ ਕਾਨੂੰਨੀ ਸਲਾਹ ਜਾਂ ਪ੍ਰਤੀਨਿਧਤਾ ਪ੍ਰਾਪਤ ਕਰ ਸਕਦਾ/ਸਕਦੀ ਹੈ?

ਤੁਸੀਂ ਰਾਜ ਭਰ ਵਿੱਚ ਕਾਨੂੰਨੀ ਸੇਵਾਵਾਂ ਲਾਈਨ ਨੂੰ 1-888-201-1014 'ਤੇ ਕਾਲ ਕਰ ਸਕਦੇ ਹੋ।